# ਪੰਜਾਬ ਵਿਧਾਨ ਸਭਾ

## ਕਾਰਜ-ਸੂਚੀ

**ਬੁੱਧਵਾਰ, 22 ਮਾਰਚ, 2023**

(10.00 ਵਜੇ ਸਵੇਰੇ)

---

**I. ਅਕਾਲ ਚਲਾਣਿਆ ਦਾ ਵਰਣਨ**

ਸਰਦਾਰ ਬਲਦੇਵ ਸਿੰਘ ਭੱਟੀ, ਸਾਬਕਾ ਐਮ.ਐਲ.ਏ. ਦੇ ਅਕਾਲ ਚਲਾਣੇ ਦਾ ਵਰਣਨ।

**II. ਪ੍ਰਸ਼ਨ**

ਵੱਖ ਸੂਚੀ ਵਿਚ ਦਰਜ ਪ੍ਰਸ਼ਨ ਪੁੱਛੇ ਜਾਣਗੇ ਅਤੇ ਉੱਤਰ ਦਿੱਤੇ ਜਾਣਗੇ।

**III. ਧਿਆਨ ਦਿਵਾਊ ਨੋਟਿਸ**

1. **ਸ਼੍ਰੀ ਦਿਨੇਸ਼ ਕੁਮਾਰ ਚੱਢਾ, ਐਮ.ਐਲ.ਏ.:- ਸਾਇੰਸ,** ਤਕਨਾਲੋਜੀ ਅਤੇ ਵਾਤਾਵਰਣ ਮੰਤਰੀ ਦਾ ਧਿਆਨ ਰਾਜ ਵਿੱਚ ਸੜਕਾਂ ਤੇ ਬਰਾਂਡਿਡ ਕੰਪਨੀਆਂ ਦੇ ਪਲਾਸਟਿਕ ਦੇ ਥੈਲਿਆਂ ਦੇ ਢੇਰਾਂ ਵੱਲ ਦਿਵਾਉਣਗੇ।

(ਨੰ: 51)

2. (i) **ਸਰਦਾਰ ਦਲਜੀਤ ਸਿੰਘ ਭੋਲਾ ਗਰੇਵਾਲ, ਐਮ.ਐਲ.ਏ.**
(ii) **ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ, ਐਮ.ਐਲ.ਏ.**:- } ਪਸ਼ੂ ਪਾਲਣ ਮੰਤਰੀ ਦਾ ਧਿਆਨ ਅਵਾਰਾ ਪਸ਼ੂਆਂ ਦੀ ਗਿਣਤੀ ਵੱਧ ਜਾਣ ਕਾਰਣ ਲੋਕਾਂ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾਂ ਵੱਲ ਦਿਵਾਉਣਗੇ।

(ਨੰ: 54 **ਅਤੇ** 55)

3. **ਸਰਦਾਰ ਰੁਪਿੰਦਰ ਸਿੰਘ ਹੈਪੀ, ਐਮ.ਐਲ.ਏ.:-** ਖੁਰਾਕ ਅਤੇ ਸਿਵਲ ਸਪਲਾਈਜ਼ ਅਤੇ ਖ਼ਪਤਕਾਰ ਮਾਮਲੇ ਮੰਤਰੀ ਦਾ ਧਿਆਨ ਫ਼ਸਲਾਂ ਦੇ ਝਾੜ ਦੇ ਸਹੀ ਤੋਲ ਲਈ ਮੰਡੀਆਂ ਵਿੱਚ ਡਿਜ਼ੀਟਲ ਵੇਇੰਗ ਸਕੇਲਜ਼ ਸਥਾਪਿਤ ਕਰਨ ਵੱਲ ਦਿਵਾਉਣਗੇ।

(ਨੰ: 70)

**IV. ਨਿਯਮ 16 ਅਧੀਨ ਪ੍ਰਸਤਾਵ**

| | |
|---|---|
| **ਇੱਕ ਮੰਤਰੀ ਪ੍ਰਸਤਾਵ ਕਰਨਗੇ ਕਿ** | ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ **ਅਣਮਿੱਥੇ ਸਮੇਂ** ਲਈ ਸਥੱਗਿਤ ਹੋ ਜਾਵੇਗੀ। |

**V. ਰਿਪੋਰਟਾਂ ਪੇਸ਼ ਕਰਨਾ**

| | |
|---|---|
| 1. **ਸਭਾਪਤੀ, ਸਰਕਾਰੀ ਕਾਰੋਬਾਰ ਕਮੇਟੀ** | ਪੰਜਾਬ ਐਗਰੋ ਫੂਡਗ੍ਰੇਨਜ਼ ਕਾਰਪੋਰੇਸ਼ਨ ਲਿਮਟਿਡ ਅਤੇ ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ ਲਿਮਟਿਡ ਨਾਲ ਸਬੰਧਤ ਸਾਲ 2017-18 ਲਈ ਭਾਰਤ ਦੇ ਲੇਖਾ ਨਿਰੀਖਕ ਤੇ ਮਹਾਂ ਲੇਖਾ ਪਰੀਖਕ ਦੀ ਰਿਪੋਰਟ ਸਾਰਵਜਨਿਕ ਖੇਤਰ ਦੇ ਅਦਾਰੇ (ਸਮਾਜਿਕ, ਆਮ ਅਤੇ ਆਰਥਿਕ ਖੇਤਰ) ਵਿੱਚ ਆਉਂਦੇ ਆਡਿਟ ਪੈਰ੍ਹਿਆਂ ਤੇ ਸਰਕਾਰੀ ਕਾਰੋਬਾਰ ਕਮੇਟੀ ਦੀ 121ਵੀਂ ਰਿਪੋਰਟ ਪੇਸ਼ ਕਰਨਗੇ। |
| 2. **ਸਭਾਪਤੀ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਕਮੇਟੀ** | ਸਾਲ 2022-23 ਲਈ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਤੇ ਕਮੇਟੀ ਦੀ 47 ਵੀਂ ਰਿਪੋਰਟ ਪੇਸ਼ ਕਰਨਗੇ। ਕਮੇਟੀ ਕੇਂਦਰ ਅਤੇ ਰਾਜ ਸਰਕਾਰ ਦੁਆਰਾ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਪ੍ਰਯੋਜਿਤ ਭਲਾਈ ਸਕੀਮਾਂ ਦਾ ਲਾਭ ਦਵਾਉਣ ਲਈ ਅਤੇ ਰਾਜ ਵਿੱਚ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਕਰਮਚਾਰੀਆਂ ਦੇ ਰਾਖਵੇਂਕਰਨ ਲਈ ਪੱਤਰ ਨੰ. 4/40/13-3.ਪੀ.ਪੀ.1-855 ਮਿਤੀ 10-10-2014 ਰਾਹੀਂ ਹਦਾਇਤਾਂ ਨੂੰ ਵਾਪਿਸ ਲਵੇਗੀ। |
| 3. **ਸਭਾਪਤੀ, ਸਥਾਨਕ ਸੰਸਥਾਵਾਂ ਸਬੰਧੀ ਕਮੇਟੀ** | ਸਾਲ 2022-23 ਲਈ ਕਮੇਟੀ ਦੇ ਆਮ ਕੰਮ-ਕਾਰ ਤੇ ਸਥਾਨਕ ਸੰਸਥਾਵਾਂ ਸਬੰਧੀ ਕਮੇਟੀ ਦੀ ਪਹਿਲੀ ਰਿਪੋਰਟ ਪੇਸ਼ ਕਰਨਗੇ। |
| 4. **ਸਭਾਪਤੀ, ਸਹਿਕਾਰਤਾ ਅਤੇ ਇਸ ਨਾਲ ਜੁੜੀਆਂ ਗਤੀਵਿਧੀਆਂ ਸਬੰਧੀ ਕਮੇਟੀ** | ਸਾਲ 2022-23 ਲਈ ਸਹਿਕਾਰਤਾ ਅਤੇ ਇਸ ਨਾਲ ਜੁੜੀਆਂ ਗਤੀਵਿਧੀਆਂ ਸਬੰਧੀ ਕਮੇਟੀ ਦੀ ਪਹਿਲੀ ਰਿਪੋਰਟ ਪੇਸ਼ ਕਰਨਗੇ। |

ਪਰਤੋ ਜੀ....

## VI. ਸਰਕਾਰੀ ਮਤੇ

**i) ਮੁੱਖ ਮੰਤਰੀ ਪ੍ਰਸਤਾਵ ਕਰਨਗੇ ਕਿ:-**

" ਇਹ ਸਦਨ ਇੰਡੀਅਨ ਏਅਰਫੋਰਸ ਸਟੇਸ਼ਨ ਹਲਵਾਰਾ, ਜ਼ਿਲ੍ਹਾ ਲੁਧਿਆਣਾ, ਵਿਖੇ ਬਣਾਏ ਜਾ ਰਹੇ ਅੰਤਰਰਾਸ਼ਟਰੀ ਹਵਾਈ ਅੱਡੇ ਦਾ ਨਾਮ ਸ਼ਹੀਦ ਕਰਤਾਰ ਸਿੰਘ ਸਰਾਭਾ ਅੰਤਰਰਾਸ਼ਟਰੀ ਹਵਾਈ ਅੱਡਾ ਰੱਖਣ ਲਈ ਸ਼ਹਿਰੀ ਹਵਾਬਾਜ਼ੀ ਮੰਤਰਾਲੇ, ਭਾਰਤ ਸਰਕਾਰ, ਨੂੰ ਬੇਨਤੀ ਕਰਨ ਲਈ ਰਾਜ ਸਰਕਾਰ ਨੂੰ ਪੁਰਜ਼ੋਰ ਸਿਫ਼ਾਰਸ਼ ਕਰਦਾ ਹੈ।"

**ii) ਸਰਦਾਰ ਇੰਦਰਬੀਰ ਸਿੰਘ ਨਿੱਜਰ, ਸੰਸਦੀ ਮਾਮਲਿਆਂ ਦੇ ਮੰਤਰੀ ਪ੍ਰਸਤਾਵ ਕਰਨਗੇ ਕਿ:-**

" ਇਹ ਸਦਨ ਸ਼ਹੀਦ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਜੀ ਦੇ ਮਿਤੀ 23.03.2023 ਨੂੰ ਸ਼ਹੀਦੀ ਦਿਹਾੜੇ ਦੇ ਸਨਮੁੱਖ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਦਾ ਹੈ ਅਤੇ ਉਨ੍ਹਾਂ ਦੇ ਸੁਪਨਿਆਂ ਦਾ ਪੰਜਾਬ ਸਿਰਜਣ ਲਈ ਹਰ ਸੰਭਵ ਕੋਸ਼ਿਸ਼ ਕਰਨ ਲਈ ਰਾਜ ਸਰਕਾਰ ਨੂੰ ਪੁਰਜ਼ੋਰ ਸਿਫਾਰਸ਼ ਕਰਦਾ ਹੈ। "

**iii) ਸਰਦਾਰ ਗੁਰਮੀਤ ਸਿੰਘ ਮੀਤ ਹੇਅਰ, ਜਲ ਸਰੋਤ ਮੰਤਰੀ ਪ੍ਰਸਤਾਵ ਕਰਨਗੇ ਕਿ:-**

"ਇਹ ਸਦਨ ਹਿਮਾਚਲ ਪ੍ਰਦੇਸ਼ ਸਰਕਾਰ ਦੁਆਰਾ ਬਿਜਲੀ ਉਤਪਾਦਨ ਲਈ ਪਾਣੀ ਦੀ ਗੈਰ-ਉਪਯੋਗੀ ਵਰਤੋਂ ਕਰਨ ਤੇ ਵਾਟਰ ਸੈੱਸ ਲਗਾਉਣ ਲਈ ਜਾਰੀ ਕੀਤੇ ਗਏ ਆਰਡੀਨੈਂਸ (2023 ਦਾ ਆਰਡੀਨੈਂਸ ਨੰ. 2) ਲਈ ਚਿੰਤਾ ਜ਼ਾਹਿਰ ਕਰਦਾ ਹੈ।ਹਿਮਾਚਲ ਪ੍ਰਦੇਸ਼ ਰਾਜ ਦੇ ਜਲ ਸਰੋਤ ਹੁਣ ਸਰਕਾਰ ਦੀ ਸੰਪੱਤੀ ਹਨ, ਜਦਕਿ ਇਨ੍ਹਾਂ ਜਲ ਸਰੋਤਾਂ ਤੇ ਹੁਣ ਕਿਸੇ ਵੀ ਵਿਅਕਤੀ, ਸਮੂਹ, ਕੰਪਨੀ, ਕਾਰਪੋਰੇਸ਼ਨ, ਸਮਾਜ, ਜਾਂ ਭਾਈਚਾਰੇ ਦੀ ਮਲਕੀਅਤ, ਰਾਈਪੇਰੀਅਨ, ਜਾਂ ਵਰਤੋਂ ਦੇ ਅਧਿਕਾਰਾਂ ਨੂੰ ਖਤਮ ਕਰ ਦਿੱਤਾ ਸਮਝਿਆ ਜਾਵੇਗਾ।

ਇਹ ਸਦਨ ਰਾਜ ਵਿੱਚ ਸਾਰੇ ਉਦੇਸ਼ਾਂ ਲਈ ਵੱਗਣ ਵਾਲੇ ਪਾਣੀਆਂ ਦੀ ਵਰਤੋਂ ਤੇ ਪੰਜਾਬ ਰਾਜ ਦੇ ਅਧਿਕਾਰ ਨੂੰ ਮੰਨਦਾ ਅਤੇ ਮਾਨਤਾ ਦਿੰਦਾ ਹੈ। ਬੀ.ਬੀ.ਐਮ.ਬੀ. ਦੇ ਸਾਰੇ ਪ੍ਰੋਜੈਕਟ ਜੋ ਕਿ ਪੰਜਾਬ ਰਾਜ ਦੁਆਰਾ ਕੀਤੇ ਗਏ ਨਿਵੇਸ਼ ਨਾਲ ਬਣਾਏ ਗਏ ਹਨ, ਜ਼ਿਆਦਾਤਰ ਹਿਮਾਚਲ ਪ੍ਰਦੇਸ਼ ਰਾਜ ਦੇ ਖੇਤਰੀ ਅਧਿਕਾਰ ਖੇਤਰ ਵਿੱਚ ਸਥਿਤ ਹਨ। ਪਾਣੀ ਦੇ ਸੈੱਸ ਦੀ ਇਸ ਨਵੀਂ ਵਸੂਲੀ ਨਾਲ, ਹਿਮਾਚਲ ਪ੍ਰਦੇਸ਼ ਸਰਕਾਰ ਪੰਜਾਬ ਰਾਜ ਤੇ ਟਾਲਣਯੋਗ ਟੈਕਸ ਦਾ ਬੋਝ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ ਜੋ ਕਿ ਇਸ ਆਰਡੀਨੈਂਸ ਦੇ ਉਦੇਸ਼ ਤੋਂ ਸਪੱਸ਼ਟ ਹੈ। ਪੰਜਾਬ ਰਾਜ ਸਾਰੇ ਗੁਆਂਢੀ ਰਾਜਾਂ ਦੇ ਦਬਾਅ ਹੇਠ ਹੈ, ਚਾਹੇ ਉਹ ਦਰਿਆਈ ਪਾਣੀਆਂ ਦੇ ਹਿੱਸੇ ਦੀ ਮੰਗ ਹੋਵੇ ਜਾਂ ਹਿਮਾਚਲ ਪ੍ਰਦੇਸ਼ ਰਾਜ ਦੁਆਰਾ ਹਾਲ ਹੀ ਵਿੱਚ ਸੈੱਸ ਲਗਾਉਣ ਦੀ ਗੱਲ ਹੋਵੇ।ਇਸ ਨਵੇਂ ਸੈੱਸ ਲਗਾਉਣ ਨਾਲ 1200 ਕਰੋੜ ਰੁਪਏ ਸਾਲਾਨਾ ਦਾ ਵਾਧੂ ਵਿੱਤੀ ਬੋਝ ਪੈਣ ਦੀ ਸੰਭਾਵਨਾ ਹੈ ਜਿਸ ਦਾ ਵੱਡਾ ਹਿੱਸਾ ਪੰਜਾਬ ਰਾਜ ਨੂੰ ਹੀ ਝੱਲਣਾ ਪਵੇਗਾ।ਇਸ ਨਵੇਂ ਵਾਟਰ ਸੈੱਸ ਦੇ ਲੱਗਣ ਨਾਲ ਨਾ ਸਿਰਫ ਪੰਜਾਬ ਰਾਜ ਦੇ ਕੁਦਰਤੀ ਸਰੋਤਾਂ ਤੇ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਕੀਤੀ ਗਈ, ਸਗੋਂ ਇਸ ਨਾਲ ਬਿਜਲੀ ਉਤਪਾਦਨ ਲਈ ਵਾਧੂ ਵਿੱਤੀ ਬੋਝ ਵੀ ਪਵੇਗਾ ਜਿਸ ਦੇ ਨਤੀਜੇ ਵਜੋਂ ਬਿਜਲੀ ਉਤਪਾਦ ਦੀ ਲਾਗਤ ਵੱਧ ਜਾਵੇਗੀ।ਹਿਮਾਚਲ ਪ੍ਰਦੇਸ਼ ਸਰਕਾਰ ਦੁਆਰਾ ਵਾਟਰ ਸੈੱਸ ਲਗਾਉਣਾ ਇੰਟਰ ਸਟੇਟ ਵਾਟਰ ਡਿਸਪਿਊਟਸ ਐਕਟ, 1956 ਦੇ ਉਪਬੰਧਾਂ ਦੇ ਵਿਰੁੱਧ ਹੈ।

ਭਾਖੜਾ ਬਿਆਸ ਪ੍ਰਬੰਧਨ ਪ੍ਰੋਜੈਕਟਾਂ ਰਾਹੀਂ ਪੰਜਾਬ ਸਰਕਾਰ ਪਹਿਲਾਂ ਹੀ ਪੰਜਾਬ ਦੇ ਸਾਂਝੇ ਹਿੱਸੇ ਵਿੱਚੋਂ 7.19% ਬਿਜਲੀ ਹਿਮਾਚਲ ਪ੍ਰਦੇਸ਼ ਰਾਜ ਨੂੰ ਦੇ ਰਿਹਾ ਹੈ। ਇਹ ਸਦਨ ਪੁਰਜ਼ੋਰ ਅਤੇ ਸਰਬਸੰਮਤੀ ਨਾਲ ਇਹ ਮਤਾ ਪਕਾਉਂਦਾ ਹੈ ਕਿ ਹਿਮਾਚਲ ਸਰਕਾਰ ਦੁਆਰਾ ਲਗਾਇਆ ਗਿਆ ਵਾਟਰ ਸੈੱਸ ਗੈਰ-ਕਾਨੂੰਨੀ ਹੈ ਅਤੇ ਹਿਮਾਚਲ ਪ੍ਰਦੇਸ਼ ਸਰਕਾਰ ਨੂੰ ਇਸ ਆਰਡੀਨੈਂਸ ਨੂੰ ਵਾਪਸ ਲੈਣਾ ਚਾਹੀਦਾ ਹੈ। ਇਹ ਸਦਨ ਰਾਜ ਸਰਕਾਰ ਨੂੰ ਭਾਰਤ ਸਰਕਾਰ ਨੂੰ ਬੇਨਤੀ ਕਰਨ ਦੀ ਸਿਫਾਰਸ਼ ਕਰਦਾ ਹੈ ਕਿ ਉਨ੍ਹਾਂ ਦੁਆਰਾ ਹਿਮਾਚਲ ਪ੍ਰਦੇਸ਼ ਸਰਕਾਰ ਨੂੰ ਆਰਡੀਨੈਂਸ ਨੂੰ ਵਾਪਸ ਲੈਣ ਦੇ ਨਿਰਦੇਸ਼ ਦਿੱਤੇ ਜਾਣ ਕਿਉਂਕਿ ਇਹ ਕੇਂਦਰੀ ਐਕਟ ਅਰਥਾਤ ਇੰਟਰ ਸਟੇਟ ਵਾਟਰ ਡਿਸਪਿਊਟਸ ਐਕਟ, 1956 ਦੀ ਉਲੰਘਣਾ ਕਰਦਾ ਹੈ।"।

## VII. ਸਾਲ 2023-24 ਲਈ ਚੁਣੀਆਂ ਜਾਣ ਵਾਲੀਆਂ ਕਮੇਟੀਆਂ ਦੇ ਗਠਨ ਸਬੰਧੀ ਪ੍ਰਸਤਾਵ

**ਇਕ ਮੰਤਰੀ ਪ੍ਰਸਤਾਵ ਕਰਨਗੇ ਕਿ-**

ਕਿਉਂਜੋ ਸਾਲ 2023-24 ਲਈ :-

1 ਲੋਕ ਲੇਖਾ ਕਮੇਟੀ;

2 ਅਨੁਮਾਨ ਕਮੇਟੀ;

3 ਸਰਕਾਰੀ ਕਾਰੋਬਾਰ ਕਮੇਟੀ; ਅਤੇ

4 ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਸਬੰਧੀ ਕਮੇਟੀ, ਲਈ ਚੋਣਾਂ 31 ਮਾਰਚ, 2023 ਤੋਂ ਪਹਿਲਾਂ ਕੀਤੀਆਂ ਜਾਣੀਆਂ ਬਣਦੀਆਂ ਹਨ; ਅਤੇ

ਕਿਉਂਜੋ ਸਦਨ ਕੋਲ ਬਾਕੀ ਰਹਿੰਦਾ ਸਮਾਂ ਬਹੁਤ ਘੱਟ ਹੈ ਅਤੇ ਸਾਧਾਰਨ ਰੂਪ ਵਿਚ ਇਨ੍ਹਾਂ ਕਮੇਟੀਆਂ ਲਈ ਚੋਣ ਕਰਵਾਉਣਾ ਸੰਭਵ ਨਹੀਂ ਹੈ;

ਇਸ ਲਈ, ਹੁਣ, ਇਹ ਸਦਨ ਸਪੀਕਰ, ਪੰਜਾਬ ਵਿਧਾਨ ਸਭਾ ਨੂੰ ਸਦਨ ਵਿਚ ਵੱਖ-ਵੱਖ ਪਾਰਟੀਆਂ/ਗਰੁੱਪਾਂ ਦੀ ਅਨੁਪਾਤੀ ਸੰਖਿਆ ਨੂੰ ਧਿਆਨ ਵਿਚ ਰੱਖਦੇ ਹੋਏ ਉਕਤ ਵਰਣਿਤ ਸਾਲ ਲਈ ਉਪਰੋਕਤ ਕਮੇਟੀਆਂ ਦੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਦਿੰਦਾ ਹੈ;

ਇਹ ਸਦਨ, ਹੋਰ ਇਹ ਵੀ ਮਤਾ ਪਕਾਉਂਦਾ ਹੈ ਕਿ ਉਪਰੋਕਤ ਮੰਤਵ ਲਈ ਸਾਲ 2023-24 ਲਈ ਉਕਤ ਕਮੇਟੀਆਂ ਦੀਆਂ ਚੋਣਾਂ ਸਬੰਧੀ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ ਜੋ ਉਕਤ ਮਤੇ ਨਾਲ ਮੇਲ ਨਾ ਖਾਂਦੇ ਹੋਣ ਜਾਂ ਉਸਦੇ ਉਲਟ ਹੋਣ, ਮੁਅੱਤਲ ਰਹਿਣਗੇ।

## VIII. ਵਿਧਾਨਕ ਕੰਮ-ਕਾਰ

| | | |
|---|---|---|
| 1. ਦਿ ਸੈਲਰੀਜ਼ ਐਂਡ ਅਲਾਉਂਸਿਜ਼ ਆਫ਼ ਚੀਫ਼ ਵ੍ਹਿਪ ਇੰਨ ਪੰਜਾਬ ਲੈਜਿਸਲੇਟਿਵ ਅਸੈਂਬਲੀ ਬਿਲ, 2023 | **ਇਕ ਮੰਤਰੀ** | **ਦਿ ਸੈਲਰੀਜ਼ ਐਂਡ ਅਲਾਉਂਸਿਜ਼ ਆਫ਼ ਚੀਫ਼ ਵ੍ਹਿਪ ਇੰਨ ਪੰਜਾਬ ਲੈਜਿਸਲੇਟਿਵ ਅਸੈਂਬਲੀ ਬਿਲ, 2023** ਪੇਸ਼ ਕਰਨਗੇ।<br>ਪ੍ਰਸਤਾਵ ਕਰਨਗੇ ਕਿ ਦਿ **ਸੈਲਰੀਜ਼ ਐਂਡ ਅਲਾਉਂਸਿਜ਼ ਆਫ਼ ਚੀਫ਼ ਵ੍ਹਿਪ ਇੰਨ ਪੰਜਾਬ ਲੈਜਿਸਲੇਟਿਵ ਅਸੈਂਬਲੀ ਬਿਲ, 2023** ਤੇ ਤੁਰਤ ਵਿਚਾਰ ਕੀਤਾ ਜਾਵੇ।<br>ਇਹ ਪ੍ਰਸਤਾਵ ਵੀ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ। |

| | | | |
|---|---|---|---|
| 2. | **ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ (ਸੋਧ) ਬਿਲ,** 2023 | **ਇਕ ਮੰਤਰੀ** | **ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ (ਸੋਧ) ਬਿਲ,** 2023 ਪੇਸ਼ ਕਰਨਗੇ।<br>ਪ੍ਰਸਤਾਵ ਕਰਨਗੇ ਕਿ **ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ (ਸੋਧ) ਬਿਲ,** 2023 ਤੇ ਤੁਰਤ ਵਿਚਾਰ ਕੀਤਾ ਜਾਵੇ।<br>ਇਹ ਪ੍ਰਸਤਾਵ ਵੀ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ। |
| 3. | **ਪੰਜਾਬ ਖੇਤੀਬਾੜੀ ਉਤਪਾਦ ਮੰਡੀਆਂ (ਸੋਧ) ਬਿਲ,** 2023 | **ਇਕ ਮੰਤਰੀ** | **ਪੰਜਾਬ ਖੇਤੀਬਾੜੀ ਉਤਪਾਦ ਮੰਡੀਆਂ (ਸੋਧ) ਬਿਲ,** 2023 ਪੇਸ਼ ਕਰਨਗੇ।<br>ਪ੍ਰਸਤਾਵ ਕਰਨਗੇ ਕਿ **ਪੰਜਾਬ ਖੇਤੀਬਾੜੀ ਉਤਪਾਦ ਮੰਡੀਆਂ (ਸੋਧ) ਬਿਲ,** 2023 ਤੇ ਤੁਰਤ ਵਿਚਾਰ ਕੀਤਾ ਜਾਵੇ।<br>ਇਹ ਪ੍ਰਸਤਾਵ ਵੀ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ। |

**IX.** **"ਪੰਜਾਬ ਦਾ ਯੁੱਧ ਨਸ਼ਿਆਂ ਵਿਰੁੱਧ"** – ਤੇ ਬਹਿਸ

**(ਦੋ ਘੰਟੇ)**

**ਚੰਡੀਗੜ੍ਹ:**
21 **ਮਾਰਚ,** 2023

**ਸੁਰਿੰਦਰ ਪਾਲ,**
**ਸਕੱਤਰ ।**